# ਪਾਠ 7 ਸੋਭਾ ਸਿੰਘ

## ਪਾਠ ਦੀ ਰੂਪ-ਰੇਖਾ


7.0 ਮਨੋਰਥ

7.1 ਭੂਮਿਕਾ

7.2 ਸੋਭਾ ਸਿੰਘ ਦੀ ਪ੍ਰਸਿਧੀ

7.3 ਜੀਵਨ

- 7.3.1 ਫੌਜੀ ਨੌਕਰੀ
- 7.3.2 ਆਪਣੇ ਪੈਰਾਂ ਉੱਤੇ
- 7.3.3 ਪ੍ਰੀਤ ਨਗਰ ਵਿੱਚ
- 7.3.4 ਅੰਦਰੇਟੇ ਵਿੱਚ ਪੱਕੀ ਵਸੋਂ
- 7.3.5 ਧੌਲਦਾਰ ਦਾ ਰਿਸ਼ੀ

7.4 ਸੁਭਾ

7.5 ਸੋਭਾ ਸਿੰਘ ਦੇ ਚਿਤਰ

7.6 ਚਿਤਰਕਾਰੀ ਦੀਆਂ ਸ਼ੈਲੀਆਂ

7.7 ਸੋਭਾ ਸਿੰਘ ਦੇ ਵਿਚਾਰ

7.8 ਸਾਰ

7.9 ਸਹਾਇਕ ਪੁਸਤਕ

7.10 ਅਭਿਆਸਾਂ ਦੇ ਉੱਤਰ


## 7.0 ਮਨੋਰਥ

ਇਸ ਪਾਠ ਦਾ ਮਨੋਰਥ ਪੰਜਾਬੀ ਦੇ ਇੱਕ ਪ੍ਰਸਿੱਧ ਚਿਤਰਕਾਰ ਸ: ਸੋਭਾ ਸਿੰਘ ਦੇ ਜੀਵਨ ਤੇ ਉਸ ਦੀ ਕਲਾ ਨਾਲ ਜਾਣ-ਪਛਾਣ ਕਰਾਉਣਾ ਹੈ। ਇਹ ਪਾਠ ਪੜ੍ਹ ਕੇ ਤੁਹਾਨੂੰ ਇਹ ਪਤਾ ਵੀ ਲਗ ਜਾਣਾ ਚਾਹੀਦਾ ਹੈ ਕਿ ਕਾਰੀਗਰੀ ਤੇ ਕਲਾ ਵਿਚ ਕੀ ਫ਼ਰਕ ਹੁੰਦਾ ਹੈ ਤੇ ਕਲਾਕਾਰ ਸੋਭਾ ਸਿੰਘ ਇਸ ਦਾ ਪ੍ਰਗਟਾਵਾ ਕਿਸ ਤਰ੍ਹਾਂ ਕਰਦਾ ਸੀ ?

ਇਹ ਪਾਠ ਇਕ ਚਿਤਰਕਾਰ ਬਾਰੇ ਹੈ, ਪਰ ਪੰਜਾਬ ਵਿੱਚ ਕਈ ਬੜੇ ਅੱਛੇ ਬੁੱਤ ਘਾੜੇ ਹਨ, ਕੁੰਭਕਾਰ ਹਨ ਅਤੇ ਵੱਖ-ਵੱਖ ਮਾਧਿਅਮਾਂ ਰਾਹੀਂ ਕਲਾ ਪੈਦਾ ਕਰਨ ਵਾਲੇ ਹੋਰ ਬਹੁਤ ਸਾਰੇ ਕਲਾਕਾਰ ਮੌਜੂਦ ਹਨ। ਆਸ ਹੈ ਇਹ ਪਾਠ ਪੜ੍ਹ ਕੇ ਤੁਸੀਂ ਆਪ ਕਿਸੇ ਨਾ ਕਿਸੇ ਨਵੇਂ ਕਲਾਕਾਰ ਬਾਰੇ ਇੱਕ ਪੂਰਾ ਲੇਖ ਲਿਖਣ ਵੱਲ ਪ੍ਰੇਰਿਤ ਹੋਵੋਗੇ।

## 7.1 ਭੂਮਿਕਾ

ਕਿਸੇ ਚੰਗੇ ਕਲਾਕਾਰ ਦੇ ਜੀਵਨ ਨਾਲ ਜਾਣਕਾਰੀ ਹੋਵੇ ਤਾਂ ਉਸ ਦੀ ਕਲਾ ਨੂੰ ਸਮਝਣ ਵਿੱਚ ਬੜੀ ਮਦਦ ਮਿਲਦੀ ਹੈ। ਪੰਜਾਬੀ ਵਿੱਚ ਬਹੁਤ ਘੱਟ ਕਲਾਕਾਰ ਹੋਏ ਹਨ ਜਿਨ੍ਹਾਂ ਦੇ ਜੀਵਨ ਬਾਰੇ ਸਾਨੂੰ ਸੋਭਾ ਸਿੰਘ ਦੇ ਜੀਵਨ ਜਿੰਨਾ ਪਤਾ ਹੈ ਇਸ ਪਾਠ ਵਿੱਚ ਤੁਹਾਡੀ ਜਾਣਕਾਰੀ ਸੋਭਾ ਸਿੰਘ ਦੇ ਜੀਵਨ ਨਾਲ ਹੀ ਨਹੀਂ, ਉਸ ਦੀ ਕਲਾ ਨਾਲ ਵੀ ਕਰਵਾਈ ਗਈ ਹੈ ਬਲਕਿ ਉਸ ਦੇ ਜੀਵਨ ਨੂੰ ਉਸ ਦੀ ਕਲਾ ਨਾਲ ਜੋੜਣ ਦਾ ਜਤਨ ਵੀ ਕੀਤਾ ਗਿਆ ਹੈ। ਚਿੱਤਰਕਾਰੀ ਦੀਆਂ ਸ਼ੈਲੀਆਂ ਤੇ ਸੋਭਾ ਸਿੰਘ ਦੀ ਆਪਣੀ ਸ਼ੈਲੀ ਦੀ ਵਿਲੱਖਣਤਾ ਬਾਰੇ ਵੀ ਕੁੱਝ ਦੱਸਣ ਦਾ ਜਤਨ ਕੀਤਾ ਗਿਆ ਹੈ। ਇਸ ਪਾਠ ਦੇ ਹੇਠ-ਲਿਖੇ ਭਾਗ ਬਣਾਏ ਗਏ ਹਨ :

i) ਸੋਭਾ ਸਿੰਘ ਦੀ ਪ੍ਰਸਿੱਧੀ
ii) ਸੋਭਾ ਸਿੰਘ ਦਾ ਜੀਵਨ
iii) ਸੋਭਾ ਸਿੰਘ ਦਾ ਸੁਭਾ
iv) ਸੋਭਾ ਸਿੰਘ ਦੇ ਚਿਤਰ
v) ਸੋਭਾ ਸਿੰਘ ਦੀ ਚਿਤਰਕਲਾ ਤੇ
vi) ਕਲਾ ਬਾਰੇ ਸੋਭਾ ਸਿੰਘ ਦੇ ਵਿਚਾਰ

## 7.2 ਸੋਭਾ ਸਿੰਘ ਦੀ ਪ੍ਰਸਿੱਧੀ

ਪੰਜਾਬ ਦੀ ਚਿਤਰ-ਕਲਾ ਦੇ ਖੇਤਰ ਵਿੱਚ ਸੋਭਾ ਸਿੰਘ ਇਕ ਵੱਡਾ ਤੇ ਜਾਂਣਿਆ-ਪਛਾਣਿਆ ਨਾਂ ਹੈ। ਜੇ ਸਾਰੇ ਪੰਜਾਬ ਵਿੱਚੋਂ ਅੱਜ ਅਸੀਂ ਕੋਈ ਅਜਿਹਾ ਚਿਤਰਕਾਰ ਚੁਣਨਾ ਚਾਹੀਏ, ਜਿਸ ਦੇ ਚਿਤਰ ਸਭ ਤੋਂ ਵੱਧ ਪੰਜਾਬੀ ਘਰਾਂ ਵਿਚ ਮਿਲ ਜਾਂਦੇ ਹਨ, ਤਾਂ ਸੋਭਾ ਸਿੰਘ ਦਾ ਨਾਂ ਸੂਚੀ ਵਿਚ ਸਭ ਤੋਂ ਉੱਪਰ ਆਵੇਗਾ। ਇਸ ਦਾ ਕਾਰਨ ਇਹ ਹੈ ਕਿ ਉ· ਇੱਕੋ ਇੱਕ ਕਲਾਕਾਰ ਹੋਇਆ ਹੈ, ਜਿਸ ਨੇ ਪੰਜਾਬ ਵਿਚ ਪ੍ਰਚਲਿਤ ਤਕਰੀਬਨ ਸਾਰੇ ਧਰਮਾਂ ਦੇ ਆਗੂਆਂ ਦੇ ਬੜੇ ਦਿਲਕਸ਼ ਚਿਤਰ ਤਿਆਰ ਕੀਤੇ, ਲੋਕਾਂ ਦੇ ਮਨ-ਭਾਉਂਦੇ ਪ੍ਰੇਮੀ ਜੋੜਿਆਂ ਦੀਆਂ ਬੜੀਆਂ ਸੁੰਦਰ ਤਸਵੀਰਾਂ ਬਣਾਈਆਂ ਤੇ ਨਾਲੋ-ਨਾਲ ਆਪਣੀਆਂ ਬਹੁਤ ਸਾਰੀਆਂ ਕਿਰਤਾਂ ਦੀਆਂ ਵੱਡੇ ਸਾਈਜ਼ ਦੀਆਂ ਸ਼ਾਨਦਾਰ ਫੋਟੋਆਂ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਈਆਂ। ਇਹ ਏਨੀਆਂ ਸੁਹਣੀਆਂ ਸਨ ਕਿ ਲੋਕ ਇਨ੍ਹਾਂ ਨੂੰ ਖਰੀਦਣ ਲਈ ਦੁਕਾਨਾਂ ਉੱਤੇ ਟੁੱਟ ਕੇ ਪੈ ਗਏ।

## 7.3 ਜੀਵਨ

ਇਹ ਹਰ ਮਨ-ਪਿਆਰਾ ਕਲਾਕਾਰ, ਜ਼ਿਲਾ ਗੁਰਦਾਸਪੁਰ ਦੇ ਇੱਕ ਛੋਟੇ ਜਿਹੇ ਨਗਰ ਸ੍ਰੀ ਹਰਿਗੋਬਿੰਦਪੁਰ ਵਿਚ, ਮਾਤਾ ਅੱਛਰਾ ਦੇਵੀ ਦੀ ਕੁੱਖੋਂ, ਪਿਤਾ ਦੇਵਾ ਸਿੰਘ ਦੇ ਘਰ, 29 ਨਵੰਬਰ, 1901 ਨੂੰ ਜੰਮਿਆ ਤੇ ਆਪਣੀ ਜੀਵਨ ਯਾਤਰਾ ਪੂਰੀ ਕਰ ਕੇ 21-8-86 ਨੂੰ ਚੰਡੀਗੜ੍ਹ ਵਿਚ ਸਦਾ ਲਈ ਸਮਾ ਗਿਆ। ਆਪਣੇ 85 ਸਾਲਾ ਜੀਵਨ ਵਿਚ ਸੋਭਾ ਸਿੰਘ ਨੇ ਜ਼ਿੰਦਗੀ ਦੇ ਸਾਰੇ ਖੱਟੇ, ਮਿੱਠੇ, ਕੌੜੇ ਤੇ ਬਕਬਕੇ ਸੁਆਦ ਚੱਖ ਲਏ ਸਨ। ਉਹ ਅਜੇ ਪੰਜਾਂ ਸਾਲਾਂ ਦਾ ਹੀ ਹੋਇਆ ਸੀ ਕਿ ਉਸ ਦੀ ਮਾਂ ਸਦਾ ਲਈ ਅੱਖਾਂ ਮੀਟ ਗਈ। ਉਸ ਦਾ ਪਿਤਾ ਫ਼ੌਜ ਵਿੱਚੋਂ ਰੀਟਾਇਰ ਹੋ ਕੇ ਘਰ ਰਹਿੰਦਾ ਸੀ ਉਹ ਏਨਾ ਗੁਸੈਲ ਸੀ ਕਿ ਸੋਭਾ ਸਿੰਘ ਦੀ ਮਾਂ ਦੀਆਂ ਹਥੇਲੀਆਂ ਆਪਣੀ ਮੰਜੀ ਦੇ ਪਾਵਿਆਂ ਹੇਠ ਦੇ ਕੇ ਆਪ ਮੰਜੀ ਉੱਤੇ ਲੇਟ ਜਾਂਦਾ ਸੀ। ਨਿੱਕੇ ਜਿਹੇ ਸੋਭੇ ਨੂੰ ਵੀ ਪਿਉ ਪਾਸੋਂ ਮਾਰ-ਕੁਟਾਈ ਦੀ ਕਾਫ਼ੀ ਦੱਛਣਾ ਮਿਲਦੀ ਰਹੀ। ਮਾਂ ਦੀ ਮੌਤ ਪਿਛੋਂ ਉਸ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਉਸ ਦੀ ਵਿਆਹੀ ਹੋਈ ਵੱਡੀ ਭੈਣ ਲੱਛਮੀ ਦੇ ਸਿਰ ਆ ਪਈ। ਲੱਛਮੀ ਦੇਵੀ ਦਾ ਪਤੀ, ਸ: ਮੰਗਲ ਸਿੰਘ, ਲਾਹੌਰ ਵਿਚ ਮੁਲਾਜ਼ਮ ਸੀ। ਫੇਰ ਉਸ ਦੀ ਬਦਲੀ ਅੰਮ੍ਰਿਤਸਰ ਵਿਚ ਹੋ ਗਈ। ਸੋਭਾ ਸਿੰਘ, ਆਪਣੀ ਭੈਣ ਤੇ ਭਣਵਈਏ ਦੇ ਨਾਲ-ਨਾਲ ਪਹਿਲਾਂ ਲਾਹੌਰ ਤੇ ਮਗਰੋਂ ਅਮ੍ਰਿਤਸਰ ਰਹਿੰਦਾ ਰਿਹਾ। ਮਾਂ-ਮਹਿੱਟਰ ਸੋਭਾ ਸਿੰਘ ਨੂੰ ਡਰਾਇੰਗ ਦਾ ਮੁੱਢਲਾ ਕੰਮ ਸ. ਮੰਗਲ ਸਿੰਘ ਨੇ ਹੀ ਸਿਖਾਇਆ। ਸੋਭਾ ਸਿੰਘ ਸਕੂਲੀ ਜਮਾਤਾਂ ਤਾਂ ਕੁੱਲ ਪੰਜ ਹੀ ਪੜ੍ਹ ਸਕਿਆ, ਪਰ 1915 ਵਿਚ ਆਰਟ-ਕ੍ਰਾਫ਼ਟ ਦਾ ਕੋਰਸ ਅਮ੍ਰਿਤਸਰ ਦੇ ਇੰਡਸਟ੍ਰੀਅਲ ਸਕੂਲ ਵਿਚੋਂ ਪਾਸ ਕਰਨ ਵਿਚ ਸਫ਼ਲ ਹੋ ਗਿਆ। ਇਸ ਸਰਟੀਫ਼ਿਕੇਟ ਦੇ ਆਸਰੇ ਹੀ ਸੋਭਾ ਸਿੰਘ 1919 ਵਿਚ ਭਾਰਤੀ ਫ਼ੌਜ ਵਿਚ ਡਰਾਫ਼ਟਮੈਨ ਭਰਤੀ ਹੋ ਕੇ ਇਰਾਕ ਜਾ ਪਹੁੰਚਿਆ।

### 7.3.1 ਫੌਜ਼ੀ ਨੌਕਰੀ

ਡਰਾਫ਼ਟਮੈਨ ਦਾ ਕੰਮ ਖ਼ਾਕੇ ਜਾਂ ਨਕਸ਼ੇ ਤਿਆਰ ਕਰਨਾ ਹੁੰਦਾ ਹੈ। ਲੰਬਾਈ-ਚੌੜਾਈ ਤੇ ਉਚਾਈ ਦੇ ਮਾਮਲੇ ਵਿਚ ਅੱਛਾ ਡਰਾਫਟਮੈਨ ਗਲਤੀ ਨਹੀਂ ਕਰਦਾ। ਇਹ ਤਜਰਬਾ, ਬਾਅਦ ਵਿਚ ਜਾ ਕੇ, ਸੋਭਾ ਸਿੰਘਾ ਦੇ ਬੜੇ ਕੰਮ ਆਇੰਆ ਕਿਉਂਕਿ ਜਦੋਂ ਡਰਾਫ਼ਟਮੈਨੀ ਛੱਡ ਕੇ ਉਸ ਨੇ ਚਿਤਰਕਾਰੀ ਦਾ ਕੰਮ ਆਰੰਭ ਕੀਤਾ ਤਾਂ ਉਸ ਨੂੰ ਮਨੁੱਖੀ ਅਕਾਰਾਂ ਤੇ ਸ਼ਰੀਰਕ ਅੰਗਾਂ ਦੇ, ਬਿਲਕੁਲ ਅਸਲ ਅਨੁਸਾਰ ਚਿਤਰਨ ਦੀ ਲੋੜ ਪਈ। ਇਰਾਕ ਵਿਚ ਸੋਭਾ ਸਿੰਘ ਦਾ ਕੰਮ ਤਸਲੀ-ਬਖ਼ਸ਼ ਮੰਨਿਆ ਗਿਆ, ਜਿਸ ਕਰਕੇ ਉਸ ਨੂੰ ਤਰੱਕੀ ਦੇ ਕੇ ਸਰਵੇਅਰ ਬਣਾ ਦਿੱਤਾ ਗਿਆ। ਇਸ ਕੰਮ ਉੱਤੇ ਲੱਗ ਕੇ ਉਸ ਨੂੰ ਕੁੱਝ ਵਿਹਲ ਮਿਲਣ ਲਗ ਪਿਆ, ਜਿਸ ਨੂੰ ਉਸ ਨੇ ਡਰਾਇੰਗ ਤੇ ਚਿਤਰਕਾਰੀ ਦੇ ਅਭਿਆਸ ਵਿਚ ਲਾਉਣਾ ਸ਼ੁਰੂ ਕਰ ਦਿੱਤਾ। ਇਹ ਸ਼ੌਕ ਹੌਲੀ-ਹੌਲੀ ਏਨਾ ਜ਼ੋਰ ਫੜ ਗਿਆ ਤੇ ਆਪਣੇ ਬੁਰਸ਼ ਦੀ ਸਮਰੱਥਾ ਉੱਤੇ ਉਸ ਦੇ ਅੰਦਰ ਏਨਾ ਇਤਬਾਰ ਪੈਦਾ ਹੋ ਗਿਆ ਕਿ ਉਸ ਨੇ 1923 ਵਿਚ ਫ਼ੌਜ ਤੋਂ ਅਸਤੀਫ਼ਾ ਦੇ ਦਿੱਤਾ ਤੇ ਆਪਣੇ ਕੰਮ ਦੀ ਵੱਟਕ ਉੱਤੇ ਦਿਨ ਬਿਤਾਉਣ ਦਾ ਮਨ ਬਣਾ ਕੇ ਆਪਣੇ ਦੇਸ ਪਰਤ ਆਇਆ।

### 7.3.2 ਆਪਣੇ ਪੈਰਾਂ ਉੱਤੇ

ਦੇਸ ਪਹੁੰਚ ਕੇ ਉਸ ਨੇ ਪਹਿਲਾਂ ਵਿਆਹ ਕਰਵਾਇਆ, ਫੇਰ ਅਮ੍ਰਿਤਸਰ ਵਿਚ 'ਸੁਭਾਸ਼ ਸਟੂਡਿਓ' ਖੋਲ੍ਹਿਆ। ਪਰ ਉਸ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਕਮਰਸ਼ੀਅਲ ਆਰਟ ਦੀ ਲਾਗਤ ਤਾਂ ਅਮ੍ਰਿਤਸਰ ਨਾਲੋਂ ਲਾਹੌਰ ਵਿਚ ਵਧੇਰੇ ਹੁੰਦੀ ਹੈ। ਸੋ ਉਸ ਨੇ 'ਸੁਭਾਸ਼ ਸਟੂਡਿਓ' ਬੰਦ ਕਰਕੇ ਅਪਣਾ ਕੰਮ ਲਾਹੌਰ ਵਿੱਚ ਜਾ ਸ਼ੁਰੂ ਕੀਤਾ। ਆਪਣੇ ਕੰਮ ਵਿਚ ਸਿਖਰ ਉੱਤੇ ਪਹੁੰਚਣ ਤੇ ਆਪਣੀ ਮਿਹਨਤ ਦਾ ਪੂਰਾ ਮੁੱਲ ਪਵਾਉਣ ਦੀ ਖਿੱਚ ਉਸ ਨੂੰ ਅੱਗੇ ਤੋਂ ਅਗੇਰੇ ਤੁਰਨ ਉੱਤੇ ਮਜਬੂਰ ਕਰਦੀ ਰਹਿੰਦੀ ਸੀ। ਆਰਟ ਦੇ ਕਦਰਦਾਨ ਲਾਹੌਰ ਨਾਲੋਂ ਦਿੱਲੀ ਵਿਚ ਵਧੇਰੇ ਸਨ, ਸੋ 1930 ਵਿਚ ਉਸ ਨੇ ਲਾਹੌਰ ਛੱਡ ਕੇ ਦਿੱਲੀ ਦੇ ਕਨਾਟ ਸਰਕਸ ਵਿਚ ਜਾ ਆਪਣਾ ਸਟੂਡਿਓ ਖੋਲ੍ਹਿਆ। ਦਿੱਲੀ ਵਿਚ ਕਮਰਸ਼ੀਅਲ ਆਰਟ ਦੇ ਨਾਲ-ਨਾਲ ਉਸ ਦਾ ਪੋਰਟ੍ਰੇਟ-ਪੇਂਟਿੰਗ ਦਾ ਕੰਮ ਵੀ ਮਘ ਪਿਆ। ਇਸ ਸ਼ਹਿਰ ਦੀ ਠਹਿਰ ਨੇ ਉਸ ਦੀ ਕਲਾ ਤੇ ਸ਼ੁਹਰਤ ਵਿੱਚ ਕਾਫ਼ੀ ਵਾਧਾ ਕੀਤਾ। ਉਸ ਦੀ ਇਕ ਬੜੀ ਮਸ਼ਹੂਰ ਤਸਵੀਰ, 'ਸੋਹਣੀ ਮਹੀਂਵਾਲ, ਪਹਿਲੀ ਵਾਰੀ, ਦਿੱਲੀ ਵਿਚ ਹੀ ਤਿਆਰ ਹੋਈ ਸੀ।

### 7.3.3 ਪ੍ਰੀਤ ਨਗਰ ਵਿਚ

ਦਿੱਲੀ ਤੋਂ ਉਸ ਨੂੰ ਸ: ਗੁਰਬਖਸ਼ ਸਿੰਘ ਦੀ ਵਸਾਈ ਇਕ ਨਵੀਂ ਸੁਫ਼ਨ-ਨਗਰੀ 'ਪ੍ਰੀਤ ਨਗਰ' ਦੀ ਖਿੱਚ ਨੇ ਪੁੱਟ ਲਿਆ। 1942 ਤੋਂ 1945 ਤੱਕ ਉਹ ਪ੍ਰੀਤ ਨਗਰ ਵਿੱਚ ਸ: ਗੁਰਬਖਸ਼ ਸਿੰਘ 'ਪ੍ਰੀਤ ਲੜੀ' ਤੇ ਨਾਨਕ ਸਿੰਘ ਦੀ ਸੰਗਤ ਵਿਚ ਪਿਆ ਰਿਹਾ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵੱਲ ਉਚੇਚਾ ਧਿਆਨ ਦੇਣ ਦਾ ਖਿਆਲ ਉਸ ਨੂੰ ਪ੍ਰੀਤ ਨਗਰ ਵਿਚ ਹੀ ਆਇਆ ਪ੍ਰਤੀਤ ਹੁੰਦਾ ਹੈ। 1945 ਵਿਚ ਉਸ ਨੂੰ ਭਾਰਤੀ ਫ਼ੌਜ ਨੇ ਮੁੜ ਵਰਗਲਾ ਲਿਆ ਤੇ ਉਹ ਫ਼ੌਜ ਦੇ ਪ੍ਰਚਾਰ-ਦਫ਼ਤਰ ਵਿਚ ਸਿਨੀਅਰ ਆਰਟਿਸਟ ਦੀ ਹੈਸੀਅਤ ਵਿਚ ਕੰਮ ਕਰਨ ਲਗ ਪਿਆ, ਪਰ ਅੱਠਾਂ ਮਹੀਨਿਆਂ ਪਿੱਛੋਂ ਹੀ ਇਹ ਨੌਕਰੀ ਛੱਡ-ਛਡਾ ਕੇ ਫਿਰ ਲਾਹੌਰ ਵਿੱਚ ਜਾ ਟਿਕਾਣਾ ਬਣਾਇਆ। 1947 ਵਿੱਚ ਦੇਸ ਦੀ ਵੰਡ ਹੋ ਗਈ ਤੇ ਉਸ ਨੂੰ ਆਪਣੀਆਂ ਜਾਨ ਤੋਂ ਪਿਆਰੀਆਂ ਬਹੁਤ ਸਾਰੀਆਂ ਤਸਵੀਰਾਂ ਜਿਉਂ ਦੀਆਂ ਤਿਉਂ ਛੱਡ ਕੇ ਭਾਰਤ ਵੱਲ ਭੱਜਣਾ ਪਿਆ। ਏਥੇ ਪਹੁੰਚ ਕੇ ਉਹ, ਕਿਸੇ ਚੰਗੇ ਟਿਕਾਣੇ ਦੀ ਭਾਲ ਵਿੱਚ, ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਭਟਕਦਾ ਫ਼ਿਰਿਆ। ਅਖੀਰ ਕਾਂਗੜਾ ਵਾਦੀ ਦੇ ਇੱਕ ਨਿੱਕੇ ਜਿਹੇ ਰਮਣੀਕ ਪਿੰਡ 'ਅੰਦਰੇਟੇ' ਵਿੱਚ, ਜਿੱਥੇ ਪੰਜਾਬੀ ਨਾਟਕ ਦੀ ਥੇਥੇ, ਸ਼੍ਰੀ ਮਤੀ 'ਨੋਰਾ ਰਿਚਰਡਜ਼' ਪਹਿਲਾਂ ਹੀ ਡੇਰਾ ਜਮਾਈ ਬੈਠੀ ਸੀ, ਆਪਣੀ ਪੱਕੀ ਕੁਟੀਆ ਬਣਾ ਲਈ।

### 7.3.4 ਅੰਦਰੇਟੇ ਵਿਚ ਪੱਕੀ ਵੱਸੋਂ

ਅੰਦਰੇਟੇ ਵਿਚ ਆਪਣੇ ਸਟੂਡਿਓ ਵਿਚ ਬੈਠ ਕੇ ਉਹ ਬੜੀ ਰੀਝ ਨਾਲ ਇੱਕ ਪਿੱਛੋਂ ਦੂਜੀ ਤਸਵੀਰ ਬਣਾਉਂਦਾ ਗਿਆ ਤੇ ਆਪਣੀਆਂ ਚੋਣਵੀਆਂ ਤਸਵੀਰਾਂ ਦੀਆਂ ਫ਼ੋਟੋ-ਕਾਪੀਆਂ ਛਪਵਾ-ਛਪਵਾ ਕੇ, ਆਪਣੀ ਆਮਦਨ ਤੇ ਸ਼ੁਹਰਤ ਨੂੰ ਵਧਾਉਣ ਦਾ ਕਾਰਨ ਬਣਦਾ ਰਿਹਾ। ਰਾਜਿਆਂ ਤੇ ਵਜ਼ੀਰਾਂ ਤੋਂ ਲੈ ਕੇ ਆਮ ਲੋਕਾਂ ਤੱਕ ਹਰ ਤਰ੍ਹਾਂ ਦੇ ਕਲਾ-ਪ੍ਰੇਮੀ ਉਸ ਦੇ ਅੰਦਰੇਟੇ ਵਾਲੇ ਨਿਵਾਸ-ਅਸਥਾਨ ਦੀ ਯਾਤਰਾ ਲਈ ਪਹੁੰਚਦੇ ਤੇ ਉਸ ਦੇ ਤੇ ਉਸ ਦੀ ਕਲਾ ਦੇ ਦਰਸ਼ਨ ਕਰ-ਕਰ ਕੇ ਨਿਹਾਲ ਹੁੰਦੇ ਰਹੇ।

### 7.3.5 ਧੌਲਦਾਰ ਦਾ ਰਿਸ਼ੀ

ਧੌਲਦਾਰ ਦੇ ਵਿਹੜੇ ਵਿਚ ਵੱਸਦਾ ਇਹ ਕਲਾਕਾਰ ਨਿਰਾ ਰਿਸ਼ੀ ਲਗਦਾ ਸੀ। ਚਿੱਟੀ ਦਾਹੜੀ, ਚਿੱਟੇ ਕੇਸ ਪਿਛਾਂਹ ਖੁੱਲੇ ਛੱਡੇ ਹੋਏ, ਹਲਕੇ ਕਰੀਮ ਰੰਗ ਦਾ ਸ਼ਾਲ ਸੱਜੀ ਬਾਂਹ ਦੇ ਥੱਲਿਓਂ ਖੱਬੇ ਮੋਢੇ ਨੂੰ ਕੱਜਦਾ, ਕਰੀਮ ਰੰਗੀ ਬੋਸਕੀ ਜਾਂ ਇਸੇ ਰੰਗ ਦੇ ਵਧੀਆ ਗਰਮ ਕਪੜੇ ਦਾ ਬਣਿਆ ਲੰਮਾ ਕੁੜਤਾ ਤੇ ਪਜਾਮਾ—ਉਹ ਸੱਚ-ਮੁੱਚ ਇਕ ਸਵਛ ਤੇ ਨਿਰਮਲ ਮਹਾਤਮਾ ਲਗਦਾ। ਉਸ ਨੇ ਪਹਾੜੀ ਇਕਾਂਤ ਵਿਚ, ਭੀੜ-ਭੜੱਕੇ ਤੋਂ ਦੂਰ, ਆਪਣਾ ਟਿਕਾਣਾ ਚੁਣਿਆ ਸੀ, ਪਰ ਕਲਾ ਦੀ ਸੋਝੀ ਰਖਣ ਵਾਲੇ ਲੋਕ ਉਸ ਦੀ ਕਲਾ-ਸੇਵਾ ਨੂੰ ਕਿਵੇਂ ਭੁਲਾ ਸਕਦੇ ਸਨ ? ਉਸ ਉੱਤੇ, ਘਰ ਬੈਠਿਆਂ ਮਾਨ-ਸਤਕਾਰ ਦੀ ਛਹਿਬਰ ਹੋਣ ਲਗ ਪਈ। ਉਸ ਨੂੰ 1970 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਫੈਲੋਸ਼ਿਪ ਪ੍ਰਦਾਨ ਕੀਤੀ। 1973 ਵਿਚ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਮੰਤਰਾਲੇ ਨੇ ਉਸ ਉੱਤੇ 'ਲੋਕਾਂ ਦਾ ਕਲਾਕਾਰ' ਨਾਂ ਦੀ ਫ਼ਿਲਮ ਤਿਆਰ ਕੀਤੀ। 1974 ਵਿਚ ਪੰਜਾਬ ਸਰਕਾਰ ਨੇ ਉਸ ਨੂੰ 'ਰਾਜ ਕਲਾਕਾਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ। 1982 ਵਿਚ ਪੰਜਾਬ ਆਰਟਸ ਕਾਉਂਸਿਲ ਦਾ ਉੱਚਤਮ ਸਨਮਾਨ ਦਿੱਤਾ ਗਿਆ। 1983 ਵਿਚ ਪੰਜਾਬ ਸਰਕਾਰ ਵੱਲੋਂ 'ਪਦਮ ਸ਼੍ਰੀ' ਦਾ ਸਨਮਾਨ ਮਿਲਿਆ ਤੇ ਸਨਮਾਨਾਂ ਦਾ ਸਨਮਾਨ 1985 ਵਿਚ ਮਿਲਿਆ ਜਦੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਡੀ.ਲਿਟ ਦੀ ਮਾਨ-ਅਰਥ ਡਿਗਰੀ ਪੇਸ਼ ਕੀਤੀ ਗਈ। ਜਦੋਂ ਅੰਤ ਆਇਆ ਤਾਂ ਲੋਕਾਂ ਤੇ ਸਰਕਾਰਾਂ ਦੇ ਸਨਮਾਨੇ ਇਸ ਕਲਾਕਾਰ ਦਾ ਸੰਸਕਾਰ, ਪੂਰੇ ਸਰਕਾਰੀ ਵਾਜੇ-ਗਾਜੇ ਨਾਲ ਹੋਇਆ।

## 7.4 ਸੁਭਾ

ਸੋਭਾ ਸਿੰਘ ਬੜਾ ਵੱਡਾ ਗਾਲੜੀ ਸੀ। ਉਹ ਘਟਨਾਵਾਂ ਦਾ ਬਿਆਨ ਬੜੇ ਰੋਚਕ ਢੰਗ ਨਾਲ ਕਰਦਾ ਸੀ। ਵਿੱਚ-ਵਿੱਚ ਹਸਾਉਣੇ ਟੋਟਕਿਆਂ ਦਾ ਛਿੱਟਾ ਦੇ ਕੇ ਉਹ ਆਪਣੇ ਸਰੋਤਿਆਂ ਨੂੰ ਕੀਲੀ ਰੱਖਦਾ। ਉਹ ਨਕਲ ਲਾਹੁਣ ਵਿੱਚ ਭੰਡਾਂ ਨੂੰ ਪਿੱਛੇ ਛੱਡ ਜਾਂਦਾ ਸੀ। ਨਾਨਕ ਸਿੰਘ ਨਾਵਲਿਸਟ ਨੇ ਆਪਣੀ ਜੀਵਨੀ 'ਮੇਰੀ ਦੁਨੀਆ' ਵਿੱਚ ਲਿਖਿਆ ਹੈ ਕਿ "ਜਿਹੜੀ ਸਭ ਤੋਂ ਕੀਮਤੀ ਚੀਜ਼ ਸੋਭਾ ਸਿੰਘ ਨੇ ਮੈਨੂੰ ਪ੍ਰਦਾਨ ਕੀਤੀ, ਉਹ ਹੈ ਹਾਸ-ਰਸ। ਮੇਰੇ ਸੁਭਾ ਵਿਚ ਇਸ ਚੀਜ਼ ਦਾ ਲਗਪਗ ਅਭਾਵ ਸੀ... ਪਰ ਜਦ ਤੋਂ ਸੋਭਾ ਸਿੰਘ ਨੇ ਮੇਰੀ ਜ਼ਿੰਦਗੀ ਵਿੱਚ ਪ੍ਰਵੇਸ਼ ਕੀਤਾ, ਮੇਰੀ ਜਮਾਂਦਰੂ ਘਾਟ ਕਾਫ਼ੀ ਹਦ ਤਕ ਪੂਰੀ ਹੋ ਗਈ। ਸੋਭਾ ਸਿੰਘ ਦਾ ਸੁਭਾ ਬੜਾ ਅਮੀਰਾਨਾ ਸੀ। ਉਸ ਦੇ ਘਰ ਦੀ ਹਰ ਚੀਜ਼ ਤੋਂ ਉਸਦੀ ਨਫ਼ਾਸਤ ਤੇ ਸੁਹਜ-ਸਵਾਦ ਦਾ ਪਤਾ ਲਗਦਾ ਸੀ। ਗੰਦਗੀ ਤੋਂ ਉਸ ਨੂੰ ਸਖ਼ਤ ਨਫ਼ਰਤ ਸੀ। ਸਫ਼ਾਈ ਵਿਚ ਜਿਵੇਂ ਉਸ ਦੀ ਜਾਨ ਹੋਵੇ। ਹੋਰ ਤਾਂ ਹੋਰ, ਰੋਟੀ ਦੀ ਹਰ ਗਿਰਾਹੀ ਪਿੱਛੋਂ ਉਹ ਕੋਲ ਪਏ ਹਮਾਮ ਵਿੱਚੋਂ ਆਪਣੀਆਂ ਉਂਗਲਾਂ ਧੋਂਦਾ ਰਹਿੰਦਾ ਸੀ। ਤਸਵੀਰਾਂ ਬਣਾਉਂਦਿਆਂ ਵੀ ਉਸ ਦਾ ਹਮਾਮ ਤੇ ਤੌਲੀਆ ਉਸ ਦੇ ਪਾਸ ਰਹਿੰਦਾ ਤੇ ਉਹ ਥੋੜੇ-ਥੋੜੇ ਚਿਰ ਪਿੱਛੋਂ ਉਂਗਲਾਂ ਦੀ ਸਫ਼ਾਈ ਕਰਦਾ। ਉਸ ਨੂੰ ਆਪਣੇ ਕੰਮ ਵਿਚ ਜਾਨ ਮਾਰਤ ਦੀ ਬੜੀ ਆਦਤ ਸੀ। ਪਾਣੀ ਵਾਲੇ ਰੰਗਾਂ ਨਾਲੋਂ ਤੇਲ ਵਾਲੇ ਰੰਗਾਂ ਨਾਲ ਚਿਤਰਕਾਰੀ ਕਰਨੀ ਵਧੇਰੇ ਔਖੀ ਹੁੰਦੀ ਹੈ, ਕਿਉਂਕਿ ਇਸ ਵਿਚ ਗਿੱਲੇ-ਗਿੱਲੇ ਰੰਗ ਉੱਤੇ ਤਾਂ ਤਬਦੀਲੀ ਹੋ ਸਕਦੀ ਹੈ, ਪਰ ਰੰਗ ਸੁੱਕਣ ਪਿੱਛੋਂ ਇਸ ਨੂੰ ਸਵਾਰਨਾ ਔਖਾ ਹੁੰਦਾ ਹੈ। ਇਸ ਲਈ ਚਿਤਰਕਾਰ ਨੂੰ ਚਿਤਰ ਪੂਰਾ ਕਰਨ ਲਈ ਲਗਾਤਾਰ ਕਾਫ਼ੀ ਲੰਮੀਆਂ ਬੈਠਕਾਂ ਲਾਉਣੀਆਂ ਪੈਂਦੀਆਂ ਹਨ। ਸੋਭਾ ਸਿੰਘ ਨੇ, ਇਸ ਤਰ੍ਹਾਂ ਦੀ ਮੁਸ਼ੱਕਤ ਨੂੰ ਆਪਣੇ ਸੁਭਾ ਦਾ ਹਿੱਸਾ ਬਣਾ ਲਿਆ ਸੀ। ਆਪਣੇ ਅੰਤਲੇ ਦਿਨਾਂ ਤੱਕ ਉਹ ਅੱਖ ਦੀ ਲਿਸ਼ਕ, ਗੁੱਤ ਦੀ ਬੁਣਤ, ਠੋਡੀ ਦੇ ਟੋਏ ਜਾਂ ਅੰਗੂਠੇ ਦੇ ਨਹੁੰ ਬਰਗੇ ਵਰੀਕ ਵੇਰਵੇ ਨੂੰ ਵਧੇਰੇ ਸਜੀਵ ਬਣਾਉਣ ਲਈ ਮੁੜ-ਮੁੜ ਕੇ ਚਿੱਤਰ ਦੇ ਦੁਆਲੇ ਹੁੰਦਾ ਰਹਿੰਦਾ ਸੀ ਤੇ ਜਿੰਨਾ ਚਿਰ ਕਾਗ਼ਜ਼ ਜਾਂ ਕੈਨਵੈਸ ਉੱਤੇ

ਬਣੀ ਮੂਰਤ ਆਪਣੇ ਮੂੰਹੋਂ ਬੋਲਣ ਨਹੀਂ ਸੀ ਲਗ ਪੈਂਦੀ, ਉਨਾ ਚਿਰ ਉਸ ਵਿਚ ਸੋਧਸੁਧਾਈ ਜਾਰੀ ਹੀ ਰਹਿੰਦੀ ਸੀ। ਚਿਤਰਕਾਰ ਕੋਈ ਵੀ ਹੋਵੇ ਉਸ ਨੂੰ ਕੁਝ ਸੰਦਾਂ ਤੇ ਸਮੱਗਰੀ ਦੀ ਲੋੜ ਅਵੱਸ਼ ਪੈਂਦੀ ਹੈ। ਫੱਟਾ, ਡਰਾਇੰਗ ਪੇਪਰ ਜਾਂ ਕੈਨਵੈਸ, ਰੰਗ, ਬੁਰਸ਼, ਪੈਨਸਿਲ, ਰਬੜ, ਡਰਾਇੰਗ ਪਿੰਨ, ਆਦਿ। ਸੋਭਾ ਸਿੰਘ ਨੇ ਇਹ ਗੱਲ ਪੱਕੀ ਤਰ੍ਹਾਂ ਪੱਲੇ ਬੰਨ੍ਹੀ ਹੋਈ ਸੀ ਕਿ ਸੰਦ ਜਿੰਨੇ ਚੰਗੇ ਹੋਣਗੇ ਤੇ ਸਮੱਗਰੀ ਜਿੰਨੀ ਅੱਛੀ ਹੋਵੇਗੀ, ਚਿਤਰ ਓਨੇ ਹੀ ਵਧੀਆ ਤੇ ਸੁਹਣੇ ਬਣਨਗੇ। ਇਸ ਲਈ ਉਹ ਸਾਰੀ ਸਮੱਗਰੀ, ਖ਼ਾਸ ਕਰ ਕੇ ਕੈਨਵੈਸ ਤੇ ਰੰਗਾਂ ਦੀਆਂ ਟਿਊਬਾਂ ਦੀ ਖਰੀਦ ਵੇਲੇ ਸਰਬੋਤਮ ਮਾਲ ਤੋਂ ਥੱਲੇ ਦੀ ਕੁਆਲਿਟੀ ਵੱਲ ਕਦੀ ਅੱਖ ਪੁੱਟ ਕੇ ਵੀ ਨਹੀ ਸੀ ਵੇਖਦਾ। ਉਹ ਖ਼ਰਚ ਤੇ ਮੁਸ਼ੱਕਤ ਵੱਲੋਂ ਬੇਪਰਵਾਹ ਹੋ ਕੇ ਸੰਪੂਰਣਤਾ, ਸਰਬੋਤਮਤਾ ਤੇ ਨਿਪੁਣਤਾ ਦਾ ਲੋਚਕ ਸੀ। ਕੱਚਾ ਪਿੱਲਾ ਕੰਮ ਉਸ ਦੀ ਤਬੀਅਤ ਸਹਿ ਹੀ ਨਹੀਂ ਸੀ ਸਕਦੀ। ਉਹ ਆਪਣੇ ਪਰਾਹੁਣਿਆਂ ਦਾ ਬੜਾ ਨਿੱਘਾ ਤੇ ਉਦਾਰ ਮੇਜ਼ਬਾਨ ਸੀ। ਉਸ ਵਿੱਚ ਸਵੈਮਾਨ ਦੀ ਭਾਵਨਾ ਸੀ, ਪਰ ਤੰਗਦਿਲੀ ਤੇ ਸਵਾਰਥ ਸਿਖਾਉਣ ਵਾਲੇ ਅਸੂਲਾਂ ਦਾ ਵੱਡਾ ਦੋਖੀ ਸੀ, ਭਾਵੇਂ ਉਹ ਧਾਰਮਿਕ ਭੇਛਣਾਂ ਵਿਚ ਹੀ ਕਿਉਂ ਨਾ ਸਜੇ-ਫਬੇ ਹੋਣ। ਸੱਚ-ਮੁੱਚ ਉਹ ਇੱਕ ਵੱਡਾ ਕਲਾਕਾਰ ਹੀ ਨਹੀਂ, ਇਕ ਵੱਡਾ ਮਨੁੱਖ ਵੀ ਸੀ।

**ਪਹਿਲਾ ਅਭਿਆਸ**

ਨੋਟ: ਹੇਠ ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਜਵਾਬ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿੱਚ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ ਹੈ।

1 ਸੋਭਾ ਸਿੰਘ ਦੇ ਜੀਵਨ ਦੀਆਂ ਕੁਝ ਮੁਖੀ ਘਟਨਾਵਾਂ ਦਾ ਵਰਣਨ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਸੋਭਾ ਸਿੰਘ ਨੂੰ ਮਿਲੇ ਸਨਮਾਨਾਂ ਦਾ ਵੇਰਵਾ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਸੋਭਾ ਸਿੰਘ ਦੇ ਸੁਭਾ ਬਾਰੇ ਤੁਸੀਂ ਕੀ ਜਾਣਦੇ ਹੋ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 7.5 ਸੋਭਾ ਸਿੰਘ ਦੇ ਚਿਤਰ

ਉਂਞ ਤਾਂ ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਸ਼ੋਭਾ ਸਿੰਘ ਹੁਰੀਂ ਬੁੱਤ ਵੀ ਘੜ ਲੈਂਦੇ ਸਨ ਤੇ ਉਨ੍ਹਾਂ ਦੇ ਬਣਾਏ ਹੋਏ ਕੁਝ ਉੱਪਰਲੇ ਧੜ, ਜਿਵੇਂ ਪ੍ਰਥਵੀ ਰਾਜ ਕਪੂਰ ਤੇ ਡਾ: ਮਹਿੰਦਰ ਸਿੰਘ ਰੰਧਾਵਾ ਦੇ, ਬੁੱਤਸਾਜ਼ੀ ਦੇ ਚੰਗੇ ਨਮੂਨੇ ਮੰਨੇ ਗਏ ਹਨ, ਪਰ ਉਸ ਦੀ ਪ੍ਰਸਿੱਧੀ ਦਾ ਅਸਲ ਆਧਾਰ ਉਸ ਦੇ ਚਿਤਰ ਸਨ। ਉਸ ਦੇ ਚਿਤਰਾਂ ਦੀ ਸੂਚੀ ਤੋਂ ਪਤਾ ਲਗ ਜਾਂਦਾ ਹੈ ਕਿ ਸੋਭਾ ਸਿੰਘ ਦੀ ਰੁਚੀ ਬੁਰਸ਼ ਦੇ ਚਮਤਕਾਰ ਪੈਦਾ ਕਰਨ ਵੱਲ ਵਧੇਰੇ ਸੀ। ਉਸ ਦੇ ਚਿਤਰਾਂ ਦੀ ਜਿਹੜੀ ਸੂਚੀ ਏਥੇ ਦਿੱਤੀ ਜਾ ਰਹੀ ਹੈ, ਉਹ ਅਧੂਰੀ ਹੈ ਕਿਉਂਕਿ ਉਸ ਦੀਆਂ ਕਿਰਤਾਂ ਤਾਂ ਸੈਂਕੜੇ ਸਨ ਤੇ ਪੂਰੀ ਸੂਚੀ ਖੁਦ ਚਿਤਰਕਾਰ ਪਾਸ ਵੀ ਨਹੀਂ ਸੀ, ਫੇਰ ਵੀ ਸਾਡੀ ਸੂਚੀ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਲਾ ਦੇ ਖੇਤਰ ਵਿਚ ਸੋਭਾ ਸਿੰਘ ਹੁਰਾਂ ਦੀ ਕੁਦਰਤੀ ਰੁਚੀ ਕਿਸ ਕਿਸ ਪਾਸੇ ਵੱਲ ਦੀ ਸੀ:

**ਗੁਰੂ ਸਾਹਿਬਾਨ ਦੇ ਚਿਤਰ** : ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਅਰਜਨ, ਗੁਰੂ ਹਰਿਗੋਬਿੰਦ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ।

**ਧਾਰਮਿਕ ਆਗੂਆਂ ਦੇ ਹੋਰ ਚਿਤਰ** : ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਈਸਾ ਮਸੀਹ, ਸ਼ੇਖ ਫ਼ਰੀਦ, ਭਗਤ ਰਵਿਦਾਸ, ਬਾਬਾ ਰਾਮ ਸਿੰਘ

**ਪ੍ਰਸਿੱਧ ਸਿੱਖ ਵਿਦਵਾਨ** : ਭਾਈ ਗੁਰਦਾਸ, ਭਾਈ ਸੰਤੋਖ ਸਿੰਘ

**ਰਾਜੇ-ਰਾਣੀਆਂ** : ਸ਼ਾਹ ਜਹਾਂ ਤੇ ਮੁਮਤਾਜ਼ ਮਹੱਲ, ਰਣਜੀਤ ਸਿੰਘ, ਦਲੀਪ ਸਿੰਘ, ਤਾਰਾ ਦੇਵੀ (ਕਸ਼ਮੀਰ)

**ਜੋਧਾ** : ਅਕਾਲੀ ਫੂਲਾ ਸਿੰਘ

**ਪ੍ਰਸਿੱਧ ਪ੍ਰੇਮੀ** : ਸੱਸੀ ਪੁੰਨੂੰ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ

**ਪ੍ਰਸਿੱਧ ਰਾਜਨੀਤਿਕ ਸ਼ਖ਼ਸੀਅਤਾਂ** : ਮਹਾਤਮਾ ਗਾਂਧੀ, ਜਵਾਹਰ ਲਾਲ, ਲਾਲ ਬਹਾਦਰ ਸ਼ਾਸਤ੍ਰੀ, ਇੰਦਰਾ ਗਾਂਧੀ, ਪਰਤਾਪ ਸਿੰਘ ਕੈਰੋਂ, ਕਰਨ ਸਿੰਘ (ਤੇ ਪਤਨੀ)

**ਪ੍ਰਸਿੱਧ ਅਕਾਦਮਿਕ ਸ਼ਖ਼ਸੀਅਤਾਂ** : ਮਹਿੰਦਰ ਸਿੰਘ ਰੰਧਾਵਾ, ਨੋਰਾ ਰਿਚਰਡਜ਼

## 7.6 ਚਿਤਰਕਾਰੀ ਦੀਆਂ ਸ਼ੈਲੀਆਂ

ਜਿਵੇਂ ਲੇਖਕਾਂ ਦੇ ਲਿਖਣ-ਢੰਗ ਵੱਖਰੇ ਹੁੰਦੇ ਹਨ, ਉਸੇ ਤਰ੍ਹਾਂ ਚਿਤਰਕਾਰਾਂ ਦੇ ਚਿਤਰ ਬਣਾਉਣ ਦੇ ਢੰਗ ਵੀ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ, ਜਿਵੇਂ ਕਪੜਿਆਂ ਜਾਂ ਵਾਲਾਂ ਦਿਆਂ ਫ਼ੈਸ਼ਨਾ ਦਾ ਕੋਈ ਅੰਤ ਨਹੀਂ; ਉਸੇ ਤਰ੍ਹਾਂ ਚਿਤਰਕਾਰਾਂ ਵਿਚ ਮਨੁੱਖ ਜਾਂ ਕੁਦਰਤ ਨੂੰ ਚਿਤਰਨ ਦੇ ਵੱਖ-ਵੱਖ ਫ਼ੈਸ਼ਨਾ ਦਾ ਵੀ ਕੋਈ ਅੰਤ ਨਹੀਂ। ਸੋਭਾ ਸਿੰਘ ਨੇ ਕੁਝ ਪਾਤਰਾਂ ਨੂੰ ਸਾਹਮਣੇ ਬਿਠਾ ਕੇ ਜਾਂ ਉਨ੍ਹਾਂ ਦੀਆਂ ਫ਼ੋਟੋਆਂ ਆਪਣੇ ਸਾਹਮਣੇ ਰੱਖ ਕੇ ਬਹੁਤ ਚਿਤਰ ਬਣਾਏ। ਇਹ ਚਿਤਰ, ਆਮ ਤੌਰ ਉੱਤੇ, ਪਾਤਰਾਂ ਨਾਲ ਬਹੁਤ ਮੇਲ ਖਾਂਦੇ ਹਨ। ਇਹ ਇਕ ਵਿਸ਼ੇਸ਼ਤਾ ਸੀ ਸੋਭਾ ਸਿੰਘ ਦੀ ਚਿਤਰਕਾਰੀ ਦੀ—ਉਸ ਦੀਆਂ ਤਾਂ ਗੁਰੂ ਸਾਹਿਬਾਨ ਜਾਂ ਭਗਤਾਂ ਦੀਆਂ ਤਸਵੀਰਾਂ ਵੀ ਕਿਸੇ ਨਾ ਕਿਸੇ ਮਨੁੱਖੀ ਨਮੂਨੇ ਉੱਤੇ ਤਿਆਰ ਕੀਤੀਆਂ ਗਈਆਂ ਸਨ ਪਰ ਚਿਤਰਕਾਰੀ ਦਾ ਇਹ ਅਸਲਵਾਦੀ ਢੰਗ ਸਾਰੇ ਚਿਤਰਕਾਰਾਂ ਵਿਚ ਹਮੇਸ਼ਾ ਮਕਬੂਲ ਨਹੀਂ ਰਿਹਾ। ਜੇ ਤੁਹਾਨੂੰ ਮੁਗ਼ਲ ਰਾਜ ਵੇਲੇ ਦੇ ਕੁੱਝ ਪ੍ਰਸਿੱਧ ਵਿਅਕਤੀਆਂ ਦੇ ਚਿਤਰ ਵੇਖਣ ਦਾ ਮੌਕਾ ਮਿਲਿਆ ਹੋਵੇ ਤਾਂ ਤੁਹਾਨੂੰ ਚੇਤੇ ਹੋਵੇਗਾ ਕਿ ਔਰੰਗਜ਼ੇਬ, ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਦੀਆਂ ਦਾੜ੍ਹੀਆਂ ਇੱਕੋ ਜਿਹੀਆਂ ਚਿਤਰੀਆਂ ਜਾਂਦੀਆਂ ਸਨ। ਇਸ ਤੋਂ ਝੱਟ ਪੱਟ ਇਹ ਨਤੀਜਾ ਨਹੀਂ ਕੱਢ ਲੈਣਾ ਚਾਹੀਦਾ ਕਿ ਗੁਰੂ ਸਾਹਿਬ ਦੀ ਦਾੜ੍ਹੀ ਸੱਚ-ਮੁੱਚ ਹੀ ਔਰੰਗਜ਼ੇਬ ਵਰਗੀ ਸੀ। ਅਸਲ ਵਿਚ ਚਿਤਰਕਾਰ ਆਪਣੇ ਸਮੇਂ ਦੇ ਫ਼ੈਸ਼ਨ ਜਾਂ ਸ਼ੈਲੀ ਦੀ ਵਰਤੋਂ ਕਰ ਰਹੇ ਸਨ। ਚਿਤਰ ਦੇ ਪਾਤਰ ਦੀ ਦਾੜ੍ਹੀ ਭਾਵੇਂ ਕਿਸੇ ਤਰ੍ਹਾਂ ਦੀ ਸੀ, ਚਿਤਰਕਾਰਾਂ ਨੇ ਉਸ ਨੂੰ ਔਰੰਗਜ਼ੇਬ ਦਾ ਰੂਪ ਹੀ ਦੇਣਾ ਹੁੰਦਾ ਸੀ। ਇਸੇ ਤਰ੍ਹਾਂ ਤੁਸੀਂ ਰਾਜਪੂਤ ਤੇ ਪਹਾੜੀ ਸ਼ੈਲੀਆਂ ਦੇ ਕਈ ਚਿਤਰ ਵੇਖੇ ਹੋਣਗੇ, ਜਿਨ੍ਹਾਂ ਵਿਚ ਮੁਟਿਆਰਾਂ ਦੀਆਂ ਅੱਖਾਂ ਕੰਨਾਂ ਤਕ ਫੈਲੀਆਂ ਵਿਖਾਈਆਂ ਹੁੰਦੀਆਂ ਹਨ। ਇਨ੍ਹਾਂ ਤਸਵੀਰਾਂ ਨੂੰ ਵੇਖ ਕੇ ਇਹ ਤਾਂ ਕੋਈ ਵੀ ਨਹੀਂ ਕਹਿੰਦਾ ਕਿ ਉਸ ਵੇਲੇ ਦੀਆਂ ਮੁਟਿਆਰਾਂ ਦੀਆਂ ਅੱਖਾਂ ਸੱਚ-ਮੁੱਚ, ਚਿਤਰਾਂ ਵਿਚ ਦਿੱਤੀਆਂ ਅੱਖਾਂ ਵਰਗੀਆਂ ਲੰਬੂਤਰੀਆਂ ਹੁੰਦੀਆਂ ਸਨ ਤੇ ਕੰਨਾਂ ਨੂੰ ਛੂੰਹਦੀਆਂ ਸਨ। ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਾਡੇ ਲੋਕ ਲੰਬੂਤਰੀਆਂ, ਬਦਾਮ ਵਰਗੀਆਂ ਅੱਖਾਂ, ਖ਼ੂਬਸੂਰਤ ਮੰਨਦੇ ਆਏ ਹਨ, ਸੋ ਉਸ ਵੇਲੇ ਦੇ ਚਿਤਰਕਾਰ, ਅਸਲ ਅੱਖਾਂ ਚਿਤਰਨ ਦੀ ਥਾਂ, ਆਦਰਸ਼ ਅੱਖਾਂ ਬਣਾ ਕੇ, ਇਕ ਤਰ੍ਹਾਂ, ਪ੍ਰਚਲਿਤ ਫ਼ੈਸ਼ਨ ਦੀਆਂ ਲੋੜਾਂ ਉੱਤੇ ਪੂਰੇ ਉਤਰ ਰਹੇ ਹੁੰਦੇ ਸਨ।

ਸੋਭਾ ਸਿੰਘ ਨੇ ਇਸ ਤਰ੍ਹਾਂ ਦੀਆਂ ਸ਼ੈਲੀਗਤ ਜਾਂ ਫ਼ੈਸ਼ਨੀ ਲੋੜਾਂ ਪੂਰੀਆਂ ਕਰਨ ਵਾਲੀਆਂ ਤਸਵੀਰਾਂ ਬਹੁਤ ਘੱਟ ਬਣਾਈਆਂ ਹਨ। ਉਸ ਨੇ ਬਹੁਤਾ ਕੰਮ ਕੈਮਰੇ ਵਾਲਾ ਕੀਤਾ ਹੈ, ਪਰ ਕੈਮਰਾ ਤਾਂ, ਭਾਵੇਂ ਕਿੰਨਾ ਕੀਮਤੀ ਹੋਵੇ, ਹੁੰਦੀ ਤਾਂ ਇਕ ਬੇਦਿਮਾਗ਼ ਮਸ਼ੀਨ ਹੀ ਹੈ, ਜਦ ਕਿ ਕਲਾਕਾਰ ਦੀ ਅੱਖ ਪਿੱਛੇ ਉਸ ਦਾ ਸੋਚਦਾ-ਸਮਝਦਾ ਦਿਮਾਗ਼ ਤੇ ਮਹਿਸੂਸਦਾ ਦਿਲ ਮੌਜੂਦ ਹੁੰਦਾ ਹੈ। ਇਹੀ ਕਾਰਨ ਹੈ ਕਿ ਜੋ ਕਲਾਕਾਰ ਨਿਰੇ ਕੈਮਰੇ ਵਾਲਾ ਕੰਮ ਕਰਦਾ ਹੈ, ਉਸ ਨੂੰ ਵਧੀਆ 'ਕਾਰੀਗਰ' ਤਾਂ ਕਹਿ ਲਿਆ ਜਾਂਦਾ ਹੈ, ਪਰ ਵਧੀਆ 'ਕਲਾਕਾਰ' ਨਹੀਂ ਮੰਨਿਆ ਜਾਂਦਾ। ਤਸਵੀਰ ਦਾ ਖ਼ਾਕਾ ਉਲੀਕਣ, ਵਸਤਾਂ ਦੇ ਆਪਸੀ ਫ਼ਾਸਲੇ ਦਰਸਾਉਣ, ਅਕਾਰਾਂ ਦੀ ਪਰਸਪਰ ਅਨੁਪਾਤ ਕਾਇਮ ਰੱਖਣ ਤੇ ਰੰਗਾਂ ਵਿਚ ਸੁਮੇਲ ਲਿਆਉਣ ਦੇ ਮਾਮਲੇ ਵਿਚ ਸੋਭਾ ਸਿੰਘ ਦੀ ਪ੍ਰਾਪਤੀ ਕਮਾਲ ਦੀ ਸੀ, ਪਰ ਇਸ ਸਭ ਕੁਝ ਦੀ ਗਿਣਤੀ ਕਾਰੀਗਰੀ ਵਿਚ ਹੁੰਦੀ ਹੈ। ਕਲਾ ਦੀ ਨਿਸ਼ਾਨੀ ਉਸ ਦੀ ਸਿਰਜਕ ਮੌਲਿਕਤਾ ਵਿਚ ਹੁੰਦੀ ਹੈ। ਸੋਭਾ ਸਿੰਘ ਵਿਚ ਇਹ ਮੌਲਿਕਤਾ ਸੀ ਕਿ ਨਹੀਂ ? ਸਾਡਾ ਨਿਸਚਾ ਹੈ ਕਿ ਉਸ ਵਿਚ ਇਹ ਮੌਲਿਕਤਾ ਮੌਜੂਦ ਸੀ। ਮਿਸਾਲ ਵਜੋਂ, ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਿਹਰਿਆਂ ਉੱਤੇ ਉਤਸ਼ਾਹ ਭਰੇ ਜਲਾਲ ਦੇ ਨਾਲ ਜਿਹੜਾ ਅਧਿਆਤਮਿਕ ਜਮਾਲ ਪੱਸਰਿਆ ਹੋਇਆ ਦਿੱਸਦਾ ਹੈ, ਉਹ ਕੋਈ ਪ੍ਰਬੀਨ ਕਲਾਕਾਰ ਹੀ ਵਿਖਾ ਸਕਦਾ ਸੀ; ਮਹਾਤਮਾ ਗਾਂਧੀ ਦੀ ਤਸਵੀਰ ਵਿਚਲੀ ਨਿਰਲੇਪਤਾ, ਬ੍ਰਹਮ-ਲੀਨਤਾ ਤੇ ਅਤੀ ਸ਼ਾਂਤ ਨਿਰਮਲਤਾ ਕੋਈ ਉਚ ਪ੍ਰਤਿਭਾ ਹੀ ਪੈਦਾ ਕਰ ਸਕਦੀ ਸੀ। ਇਸੇ ਤਰ੍ਹਾਂ ਸੋਹਣੀ-ਮਹੀਂਵਾਲ ਵਿਚ ਵਿਛੋੜੇ ਦੇ ਠਾਠਾਂ ਮਾਰਦੇ ਦਰਿਆ ਨੂੰ ਪਾਰ ਕਰਨ ਦੇ ਸੰਘਰਸ਼ ਵਿੱਚੋਂ ਸਫ਼ਲਤਾ ਨਾਲ ਲੰਘ ਕੇ ਆਪਣੇ ਆਪ ਨੂੰ ਆਪਣੇ ਪ੍ਰੇਮੀ ਦੀਆਂ ਉਡੀਕਦੀਆਂ ਬਾਹਵਾਂ ਵਿੱਚ ਸਮਰਪਿਤ ਕਰਨ ਵਾਲੇ ਉਭਾਰ ਪਲਾਂ ਨੂੰ ਆਪਣੇ ਬੁਰਸ਼ ਰਾਹੀਂ ਸਦੀਵਤਾ ਬਖਸ਼ਣ ਵਾਲੀ ਕਾਰਾਮਾਤ ਕੋਈ ਕਲਾਕਾਰ ਹੀ ਕਰ ਸਕਦਾ ਸੀ।

**ਦੂਜਾ ਅਭਿਆਸ**

**ਨੋਟ:** ਹੇਠ ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਜਵਾਬ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿੱਚ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ ਹੈ।

1 **ਸੋਭਾ ਸਿੰਘ ਦੇ ਪ੍ਰਸਿੱਧ ਚਿਤਰ ਕਿਹੜੇ-ਕਿਹੜੇ ਹਨ ?**

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਸੋਭਾ ਸਿੰਘ ਕਾਰੀਗਰ ਸੀ ਕਿ ਕਲਾਕਾਰ ?

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

## 7.7 ਸੋਭਾ ਸਿੰਘ ਦੇ ਵਿਚਾਰ

ਸੋਭਾ ਸਿੰਘ ਨੇ ਆਪਣੇ ਜੀਵਨ ਵਿਚ, ਆਪਣੇ ਹੁਨਰ ਤੋਂ ਢੇਰਾਂ ਦੇ ਢੇਰ ਪੈਸੇ ਕਮਾਏ। ਉਹ ਉਨ੍ਹਾਂ ਕਲਾਕਾਰਾਂ ਵਿੱਚੋਂ ਨਹੀਂ ਸੀ, ਜੋ ਕਲਾ ਨੂੰ ਮੰਡੀ ਵਿਚ ਲਿਆਉਣ ਨੂੰ ਕਲਾ ਦਾ ਨਿਰਾਦਰ ਸਮਝਦੇ ਹਨ। ਉਹ ਕਿਹਾ ਕਰਦਾ ਸੀ,

''ਕਲਾ ਦੀ ਪ੍ਰਾਪਤੀ ਲਈ ਕਰੜੀ ਤਪੱਸਿਆ ਕਰਨੀ ਪੈਂਦੀ ਹੈ; ਸ਼ਰੀਰ ਦਾ ਬੁਰਾ ਹਾਲ ਹੋ ਜਾਂਦਾ ਹੈ; ਮਨ ਨੂੰ ਸਾਰੇ ਪਾਸਿਓਂ ਹਟਾ ਕੇ, ਬਣਾਈ ਮੂਰਤ ਵਿਚ ਲੀਨ ਕਰਨਾ ਪੈਂਦਾ ਹੈ। ਗੱਲ ਕੀ, ਜਿੰਨੀ ਦੇਰ ਮੂਰਤ ਤਿਆਰ ਨਹੀ ਹੋ ਜਾਂਦੀ, ਬੰਦਾ ਨਾ ਘਰ ਦਿਆਂ ਜੋਗਾ ਰਹਿੰਦਾ ਹੈ, ਨਾ ਬਾਹਰਲਿਆਂ ਜੋਗਾ। ਕੀ ਇੰਨੀ ਮਿਹਨਤ ਕਰਨ ਪਿੱਛੋਂ ਤੇ ਸਦਾ ਬਹਾਰ ਸੁੰਦਰਤਾ ਪੈਦਾ ਕਰਨ ਤੋਂ ਪਿੱਛੋਂ ਵੀ ਉਸ ਦਾ ਹੱਕ ਨਹੀਂ ਸੀ ਬਣਦਾ ਕਿ ਉਹ ਆਪਣੀ ਕਿਰਤ ਦਾ ਮੂੰਹ-ਮੰਗਿਆ ਮੁੱਲ ਲੈ ਸਕੇ ? ਘੱਟ ਮੁੱਲ ਪਰਵਾਨ ਕਰਨ ਲਈ ਮੈਂ ਜਿੰਨਾ ਕਲਾਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਾ ਹਾਂ, ਓਨਾਂ ਗਾਹਕ ਨੂੰ ਨਹੀਂ'' ?

ਸੋਭਾ ਸਿੰਘ ਨੇ ਜ਼ਿੰਦਗੀ ਦੇ ਅਨੇਕ ਪੱਖਾਂ ਬਾਰੇ ਤੱਤ ਕੱਢੇ ਹੋਏ ਸਨ। ਜਦੋਂ ਉਹ ਆਪਣੇ ਸਰੋਤਿਆਂ ਨਾਲ ਇਹ ਤੱਤ ਸਾਂਝੇ ਕਰਦਾ ਤਾਂ ਉਹ ਇਕ ਫ਼ਲਾਸਫ਼ਰ ਲਗਦਾ। ਬੜੀ ਵਾਰ ਉਹ ਤਸਵੀਰ ਉੱਤੇ ਬੁਰਸ਼ ਚਲਾਉਂਦਾ ਹੋਇਆ ਵੀ ਗੱਲ ਤੋਰੀ ਰੱਖਦਾ ਤਾਂ ਜੋ ਸਰੋਤਾ ਉਸ ਨਾਲ ਜੁੜਿਆ ਰਹੇ ਤੇ ਅੱਕ ਨਾ ਜਾਵੇ। ਕਲਾ ਬਾਰੇ ਉਸ ਦੇ ਕੁੱਝ ਵਿਚਾਰ ਦੁਹਰਾਉਣਜੋਗ ਹਨ :

''ਕਲਾ ਦਾ ਕੰਮ ਹੈ ਸੁੰਦਰਤਾ ਪੈਦਾ ਕਰਨਾ.... ਜ਼ਿੰਦਗੀ ਵਿਚ ਖੇੜਾ ਲਿਆਉਣਾ.... ਮਨੁੱਖ ਨੂੰ ਚੰਗਾ ਬਣਾਉਣਾ.... ਉਸ ਦੇ ਜੀਵਨ ਵਿੱਚ ਅਰਥ ਭਰਨੇ.... ਆਧੁਨਿਕ ਕਲਾ, ਜੀਵਨ ਦੀ ਨਿਰਰਥਕਤਾ ਦੀ ਭਾਵਨਾ ਨੂੰ ਪਸਾਰਦੀ ਹੈ, ਜੋ ਮਨੁੱਖ ਨਾਲ ਇਕ ਵੱਡਾ ਅਨਿਆਂ ਹੈ... ਸਾਨੂੰ ਆਪਣੇ ਸਾਹਿੱਤ ਤੇ ਕਲਚਰ ਰਾਹੀਂ ਮਹਾਨ ਭਾਵ, ਮਹਾਨ ਟੀਚੇ ਤੇ ਮਹਾਨ ਆਸ਼ੇ ਵਿਰਸੇ ਵਿਚ ਮਿਲੇ ਹਨ। ਸਾਡਾ ਕੰਮ ਹੈ ਇਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਨਾ ਕਿ ਇਨ੍ਹਾਂ ਵੱਲ ਪਿੱਠ ਕਰ ਕੇ ਬੈਠ ਜਾਣਾ.... ਮੈਂ ਨਹੀਂ ਚਾਹੁੰਦਾ ਲੋਕ ਮੇਰੀਆਂ ਬਣਾਈਆਂ ਤਸਵੀਰਾਂ ਉੱਤੇ ਹਾਰ ਪਾਉਣ ਤੇ ਧੂਪ ਧੁਖਾਉਣ... ਮੇਰੇ ਲਈ ਮਾਡਰਨ ਆਰਟ ਇਉਂ ਹੈ ਜਿਵੇਂ ਖੋਤੇ ਨੇ ਪੂਛ ਨਾਲ ਰੰਗ ਲਾ ਕੇ ਬੁਰਸ਼ ਦਾ ਕੰਮ ਕੀਤਾ ਹੋਵੇ... ਆਰਟਿਸਟ ਦਾ ਕੰਮ ਖ਼ੂਬਸੂਰਤੀ ਪੈਦਾ ਕਰਨਾ ਹੈ, ਬਦਸੂਰਤੀ ਤੇ ਕੋਝ ਤਾਂ ਦੁਨੀਆ ਵਿੱਚ ਅੱਗੇ ਹੀ ਬਥੇਰੇ ਹਨ... ਕਲਾਕਾਰ ਦੀ ਪਹਿਲੀ ਲੋੜ ਹੈ ਮਨੁੱਖਤਾ ਲਈ ਪਿਆਰ... ਕਲਾ, ਕਲਾ ਲਈ ਨਹੀਂ, ਜੀਵਨ ਕਲਾ ਲਈ ਨਹੀਂ.. ਸਗੋਂ ਕਲਾ ਜੀਵਨ ਲਈ ਹੈ। ਕਲਾ ਕੀ, ਹਰ ਸ਼ੈ ਜੀਵਨ ਲਈ ਹੈ—ਕੀ ਗਿਆਨ, ਕੀ ਵਿਗਿਆਨ, ਕੀ ਸਿੱਖਿਆ ਤੇ ਕੀ ਧਰਮ, ਸਭ ਜੀਵਨ ਦੇ ਵਿਕਾਸ ਲਈ ਹਨ ਅਤੇ ਇਸ ਦੇ ਕੁਦਰਤੀ ਵਹਿਣ ਦੇ ਰਾਹ ਵਿਚ ਅਟਕਾਉ ਨੂੰ ਦੂਰ ਕਰਨ ਵਾਸਤੇ ਹਨ। ਸੱਭ ਕੁੱਝ ਜੀਵਨ ਨੂੰ ਚੰਗਾ ਤੇ ਚੰਗੇ ਨੂੰ ਚੰਗੇਰਾ ਬਣਾਉਣ ਲਈ ਹੈ ਅਤੇ ਕਲਾਕਾਰ ਇਕ ਸ਼ਰੀਫ਼ ਆਦਮੀ ਵਾਂਗ ਇਕ ਚੰਗਾ ਸ਼ਹਿਰੀ ਬਣ ਕੇ ਰਹਿ ਸਕਦਾ ਹੈ, ਘਰ (ਮਕਾਨ ਨਹੀਂ) ਬਣਾ ਕੇ ਰਹਿ ਸਕਦਾ ਹੈ, ਜੀਉ ਸਕਦਾ ਹੈ, ਜਿਵਾ ਸਕਦਾ ਹੈ ਤੇ ਜੀਵਨ ਦੀ ਸੂਝ ਦੇ ਸਕਦਾ ਹੈ.... ਕਲਾ ''ਨਦਰ'' ਹੈ ਜੋ ਸਾਨੂੰ ਮੋਕਸ਼ ਦੇ ਦੁਆਰ ਤਕ ਲਿਜਾ ਸਕਦੀ ਹੈ। ਦੂਜੇ ਪ੍ਰਾਣੀਆਂ ਅੰਦਰ ਕਲਾ ਰਾਹੀਂ ਨਦਰ ਦੀ ਜੋਤ ਜਗਾ ਸਕਦੀ ਹੈ। ਈਸ਼ਵਰੀ ਗੁਣਾਂ ਨੂੰ ਸਾਕਾਰ ਕਰ ਸਕਦੀ ਹੈ। ਕਲਾਕਾਰ ਦਾ ਫ਼ਰਜ਼ ਹੈ ਕਿ ਉਹ ਉੱਚੇ ਪੱਧਰ ਉੱਤੇ ਜੀਉਂਦੇ ਤੇ ਜੀਉ-ਗਏ ਜੀਉੜਿਆਂ ਦੇ ਦ੍ਰਿਸ਼ਟਾਂਤ ਦੇ ਕੇ ਆਪਣੇ ਇਨਸਾਨ-ਭਰਾਵਾਂ ਦੀ ਆਸ ਬਨ੍ਹਾਵੇ। ਇਹ ਆਪਣੀ ਕਲਾ ਰਾਹੀਂ ਦਰਸਾਵੇ ਕਿ ਇਨਸਾਨ ਨੂੰ ਇਉਂ ਹੋਣਾ ਚਾਹੀਦਾ ਹੈ, ਹੁੰਦਾ ਰਿਹਾ ਹੈ ਤੇ ਹੋ ਸਕਦਾ ਹੈ। ਕਲਾਕਾਰ ਲਹੂ ਨਾਲ ਆਪਣੀਆਂ ਕੈਨਵੈਸਾਂ ਨਾਂ ਭਰੇ। ਇਹ ਠੀਕ ਹੈ ਕਿ ਜ਼ੁਲਮ-ਜਬਰ ਇਕ ਅਜ਼ਲੀ ਅਵਗੁਣ ਹੈ ਪਰ ਉਸ ਨੂੰ ਬਾਰ-ਬਾਰ ਕਿਉਂ ਯਾਦ ਕਰਵਾਇਆ ਜਾਵੇ ?... ਉਹ ਕੁੱਝ ਬਣਾਇਏ ਜਿਸ ਨਾਲ ਖ਼ੁਸ਼ੀ ਵਧੇ, ਆਸ ਵਧੇ, ਪਿਆਰ ਵਧੇ ਅਤੇ ਇਕ ਦੂਜੇ ਲਈ ਸਤਕਾਰ ਵਧੇ, ਤਰੇੜਾਂ ਪਾਉਣ ਵਾਲੇ ਅਨਸਰਾਂ ਦਾ ਘੇਰਾ ਬਹੁਤ ਵੱਡਾ ਹੈ ਅਤੇ ਅੱਜਕਲ ਪੂਰੇ ਜ਼ੋਰਾਂ ਉੱਤੇ ਹੈ।''

**ਤੀਜਾ ਅਭਿਆਸ**

**ਨੋਟ:** ਹੇਠ ਦਿੱਤੇ ਸਵਾਲ ਦਾ ਸੰਖੇਪ ਉੱਤਰ ਦਿਉ। ਜਵਾਬ ਖ਼ਾਲੀ ਛੱਡੀ ਥਾਂ ਉੱਤੇ ਦੇਣਾ ਹੈ। ਜਵਾਬ ਅਖੀਰ ਵਿੱਚ ਦਿੱਤਾ ਹੋਇਆ ਹੈ। ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਸ ਨੂੰ ਨਹੀਂ ਵੇਖਣਾ।

1 ਕਲਾ ਬਾਰੇ ਸੋਭਾ ਸਿੰਘ ਦੇ ਵਿਚਾਰਾਂ ਦਾ ਸਾਰ ਦਿਉ।

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

## 7.8 ਸਾਰ

ਸ੍ਰ ਸੋਭਾ ਸਿੰਘ ਪੰਜਾਬ ਦੇ ਹਰਮਨ ਪਿਆਰੇ ਚਿਤਰਕਾਰ ਹੋਏ ਹਨ. ਜਿਨ੍ਹਾਂ ਨੇ ਸਿੱਖਾਂ ਦੇ ਗੁਰੂ ਸਾਹਿਬਾਨ. ਤੇ ਹੋਰ ਧਰਮਾਂ ਦੇ ਆਗੂਆਂ. ਰਾਜੇ ਰਾਣੀਆਂ. ਵਿਦਵਾਨਾਂ ਪ੍ਰਸਿਧ ਪ੍ਰੇਮੀ ਜੋੜਿਆਂ. ਰਾਜਨੀਤਕ ਤੇ ਅਕਾਦਮਿਕ ਸ਼ਖਸੀਅਤਾਂ ਦੇ ਬੜੇ ਹੀ ਪਿਆਰੇ ਚਿੱਤਰ ਬਣਾਏ। ਸੋਭਾ ਸਿੰਘ ਕਲਾ ਅਤੇ ਕਲਾਕਾਰ ਦੋਹਾਂ ਪਾਸੋਂ ਸਦਾਚਾਰ ਦੀ ਮੰਗ ਕਰਦਾ ਸੀ। ਉਹ ਦਲਿੱਦਰ ਤੇ ਗਰੀਬੀ ਦੀ ਥਾਂ ਖੂਬਸੂਰਤੀ ਪੈਦਾ ਕਰਨ ਦਾ ਇੱਛਕ ਸੀ।

## 7.9 ਸਹਾਇਕ ਪੁਸਤਕ

ਮਨਜੀਤ ਕੌਰ (ਸੰਪਾ ) **ਪੇਂਟਰ ਆਫ ਦੀ ਡਿਵਾਈਨ** — ਸੋਭਾ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰੈਸ. ਅਮ੍ਰਿਤਸਰ. 1986

## 7.10 ਅਭਿਆਸਾਂ ਦੇ ਉੱਤਰ

ਪਹਿਲਾ ਅਭਿਆਸ

1 ਸੋਭਾ ਸਿੰਘ ਦਾ ਜਨਮ 29.11.1901 ਨੂੰ ਸ੍ਰੀ ਹਰਿਗੋਬਿੰਦ ਪੁਰ, ਜ਼ਿਲਾ ਗੁਰਦਾਸਪੁਰ ਵਿੱਚ ਸ੍ਰ: ਦੇਵਾ ਸਿੰਘ ਦੇ ਘਰ ਹੋਇਆ। ਕੁੱਝ ਦੇਰ ਫ਼ੌਜ ਵਿੱਚ ਡਰਾਫਟਮੈਨ ਦਾ ਕੰਮ ਕਰਕੇ ਉਨ੍ਹਾਂ ਨੇ ਆਪਣਾ ਸਟੂਡਿਓ ਅਮ੍ਰਿਤਸਰ ਵਿੱਚ ਖੋਲਿਆ। ਇਸ ਤੋਂ ਪਿੱਛੋਂ ਕਾਂਗੜੇ ਦੇ ਇੱਕ ਪਿੰਡ ਅੰਦਰੇਟੇ ਵਿੱਚ ਪੱਕੇ ਤੌਰ ਉੱਤੇ ਜਾ ਵੱਸੇ। ਗੁਰੂ ਨਾਨਕ ਸਾਹਿਬ, ਮਹਾਤਮਾ ਗਾਂਧੀ, ਮਹਾਰਾਜਾ ਰਣਜੀਤ ਸਿੰਘ ਤੇ ਸੋਹਣੀ ਮਹੀਵਾਲ ਵਰਗੇ ਖੂਬਸੂਰਤ ਚਿੱਤਰ ਸੋਭਾ ਸਿੰਘ ਦੇ ਤਿਆਰ ਕੀਤੇ ਹੋਏ ਹਨ।

2 1970 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਫ਼ੈਲੋਸ਼ਿਪ ਪ੍ਰਦਾਨ ਹੋਈ। 1973 ਵਿੱਚ ਭਾਰਤ ਸਰਕਾਰ ਦੇ ਸਕੂਲਾਂ ਤੇ ਪ੍ਰਸਾਰ ਮੰਤ੍ਰਾਲੇ ਨੇ ਓਸ ਉੱਤੇ 'ਲੋਕਾਂ ਦਾ ਕਲਾਕਾਰ' ਨਾਂ ਦੀ ਫ਼ਿਲਮ ਤਿਆਰ ਕਰਵਾਈ। 1974 ਵਿੱਚ ਪੰਜਾਬ ਸਰਕਾਰ ਨੇ ਉਸ ਨੂੰ 'ਰਾਜ ਕਲਾਕਾਰ' ਘੋਸ਼ਿਤ ਕੀਤਾ। 1983 ਵਿੱਚ ਭਾਰਤ ਸਰਕਾਰ ਨੇ ਪਦਮ ਸ੍ਰੀ ਸਨਮਾਨ ਦਿੱਤਾ ਅਤੇ 1985 ਵਿੱਚ ਪੰਜਾਬੀ ਯੂਨੀਵਰਸਿਟੀ. ਪਟਿਆਲਾ ਵਲੋਂ ਡੀ ਲਿਟ. ਦੀ ਡਿਗਰੀ ਪੇਸ਼ ਕੀਤੀ ਗਈ।

3 ਸੋਭਾ ਸਿੰਘ ਬੜਾ ਹੱਸਣ-ਖੇਡਣ ਵਾਲਾ ਬੰਦਾ ਸੀ। ਜਿੱਥੇ ਬੈਠਦਾ, ਹਾਸੇ ਦੇ ਫੁਹਾਰੇ ਛੁੱਟਣ ਲਗ ਪੈਂਦੇ। ਉਸ ਨੂੰ ਸਫ਼ਾਈ ਬੜੀ ਪਸੰਦ ਸੀ। ਉਹ ਬੜਾ ਮਿਹਨਤੀ ਸੀ। ਚਿੱਤਰ ਬਣਾਉਣ ਵੇਲੇ ਘਟੀਆ ਮਾਲ ਕਦੀ ਨਹੀਂ ਸੀ ਵਰਤਦਾ। ਉਹ ਆਪਣੇ ਅਸੂਲਾਂ ਦਾ ਬੜਾ ਪੱਕਾ ਸੀ।

**ਦੂਜਾ ਅਭਿਆਸ**

1 ਸੋਭਾ ਸਿੰਘ ਦੇ ਪ੍ਰਸਿੱਧ ਚਿੱਤਰ ਹੇਠ ਲਿਖੇ ਹਨ:
ਗੁਰੂ ਨਾਨਕ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ, ਸ਼ੇਖ ਫਰੀਦ, ਮਹਾਰਾਜਾ ਰਣਜੀਤ ਸਿੰਘ, ਭਾਈ ਸੰਤੋਖ ਸਿੰਘ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ, ਮਹਾਤਮਾ ਗਾਂਧੀ, ਜਵਾਹਰ ਲਾਲ, ਮਹਿੰਦਰ ਸਿੰਘ ਰੰਧਾਵਾ ਤੇ ਮਿਸਿਜ਼ ਨੋਰਾ ਰਿਚਰਡਜ਼ ਆਦਿ।

2 ਸੋਭਾ ਸਿੰਘ ਬੜਾ ਵਧੀਆ ਕਾਰੀਗਰ ਸੀ ਪਰ ਉਹ ਨਿਰੀ ਕਾਰੀਗਰੀ ਤੋਂ ਉੱਪਰ ਉੱਠਣ ਵਾਲਾ ਕਲਾਕਾਰ ਵੀ ਸੀ। ਉਹ ਆਪਣੇ ਚਿੱਤਰ ਵਿੱਚ ਖੁੱਭ ਕੇ ਪਾਤਰ ਦੇ ਗੁਣਾਂ ਨਾਲ ਪੂਰੀ ਜਾਣਕਾਰੀ ਪ੍ਰਾਪਤ ਕਰਨ ਪਿੱਛੋਂ ਹੀ ਆਪਣਾ ਬੁਰਸ਼ ਹੱਥ ਵਿੱਚ ਫੜਦਾ ਸੀ ਤੇ ਕੋਸ਼ਿਸ਼ ਕਰਦਾ ਸੀ ਕਿ ਚਿੱਤਰ ਨੂੰ ਕੇਵਲ ਅਸਲ ਦੀ ਨਕਲ ਹੀ ਨਾਂ ਬਣਾਵੇ, ਸਗੋਂ ਉਸ ਵਿੱਚ ਮੌਲਿਕਤਾ ਵੀ ਭਰੇ। ਉਸ ਦੇ ਚਿੱਤਰ ਜਿੱਥੇ ਕਾਰੀਗਰੀ ਦੇ ਸ਼ਾਹਕਾਰ ਹੁੰਦੇ ਸਨ ਉੱਥੇ ਮੌਲਿਕਤਾ ਦੇ ਵੀ ਵਧੀਆ ਨਮੂਨੇ ਕਹੇ ਜਾ ਸਕਦੇ ਹਨ।

**ਤੀਜਾ ਅਭਿਆਸ**

1 ਸੋਭਾ ਸਿੰਘ ਹੋਰਾਂ ਦਾ ਵਿਸ਼ਵਾਸ ਸੀ ਕਿ ਕਲਾ ਨੂੰ ਜ਼ਿੰਦਗੀ ਵਿੱਚ ਖੇੜਾ ਤੇ ਸੁੰਦਰਤਾ ਲਿਆਉਣ ਦਾ ਸਾਧਨ ਬਣਨਾ ਚਾਹੀਦਾ ਹੈ। ਉਸ ਨੂੰ ਮਨੁੱਖ ਦਾ ਆਚਰਣ ਉੱਚਾ ਕਰਨਾ ਚਾਹੀਦਾ ਹੈ। ਕਲਾ ਵਿੱਚ ਹਮੇਸ਼ਾ ਇੱਕ ਸਨੇਹਾ ਹੋਣਾ ਚਾਹੀਦਾ ਹੈ। ਉਸ ਤੋਂ ਦਰਸ਼ਕ ਨੂੰ ਪ੍ਰੇਰਨਾ ਮਿਲਣੀ ਚਾਹੀਦੀ ਹੈ। ਜੇ ਕਲਾ ਤੋਂ ਮਨੁੱਖ ਤੇ ਕੁਦਰਤ ਨਾਲ ਪਿਆਰ ਨਹੀਂ ਉਪਜਦਾ ਤਾਂ ਉਹ ਕਲਾ ਵਿਅਰਥ ਹੈ। ਕਲਾ ਤ੍ਰੇੜਾਂ ਵੀ ਪਾ ਸਕਦੀ ਹੈ ਪਰ ਸੋਭਾ ਸਿੰਘ ਦੇ ਖ਼ਿਆਲ ਵਿੱਚ, ਇਸ ਤਰ੍ਹਾਂ ਕਰਨ ਵਾਲੀ ਕਲਾ ਆਪਣਾ ਧਰਮ ਨਹੀਂ ਨਿਭਾ ਰਹੀ ਹੁੰਦੀ।